ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ,
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਮੋਹਾਲੀ।
ਫੋਨ ਨੰ: 0172-2212221, ਫੈਕਸ ਨੰ: 0172-2212793

ਵੱਲ:-

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ,(ਐ.ਸਿ./ਸੈ.ਸਿ.),**
**ਪੰਜਾਬ।**

**ਮੀਮੋ ਨੰ:5/51 -2018 ਅਕਾਦਮਿਕ**
**ਮਿਤੀ.ਐਸ.ਏ.ਐਸ ਨਗਰ. 03/08/18**

ਵਿਸ਼ਾ:- ਡੀ.ਐੱਲ.ਐੱਡ/ ਬੀ.ਐੱਡ ਦੇ ਸਿੱਖਿਆਰਥੀਆਂ ਵੱਲੋਂ ਟੀਚਿੰਗ ਪ੍ਰੈਕਟਿਸ ਲਗਾਉਣ ਸਬੰਧੀ।

ਵੱਖ-ਵੱਖ DIETS/ Self Financed D.El.ed Colleges ਵਿੱਚ ਸਿੱਖਿਆਰਥੀ ਕ੍ਰਮਵਾਰ ਡੀ.ਐੱਲ.ਐੱਡ/ ਬੀ.ਐਡ ਕਰਦੇ ਹਨ, ਉਨ੍ਹਾਂ ਦੇ Curriculum ਵਿੱਚ ਹਰ ਸਾਲ ਟੀਚਿੰਗ ਪ੍ਰੈਕਟਿਸ ਕਰਵਾਉਣ ਦਾ ਉਪਬੰਧ ਹੁੰਦਾ ਹੈ। ਪਿੱਛਲੇ ਸਮੇਂ ਦੌਰਾਨ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਸਬੰਧਤ ਸੰਸਥਾਵਾਂ ਦੇ ਪ੍ਰਬੰਧਕਾਂ ਵੱਲੋਂ ਡੀ.ਐੱਲ.ਐੱਡ/ ਬੀ.ਐੱਡ ਕਰਨ ਵਾਲੇ ਸਿੱਖਿਆਰਥੀਆਂ ਨੂੰ ਉਨ੍ਹਾਂ ਦੀ ਸੁਵਿਧਾ ਅਨੁਸਾਰ ਨੇੜੇ ਦੇ ਸਕੂਲਾਂ ਵਿੱਚ ਭੇਜ ਦਿੱਤਾ ਜਾਂਦਾ ਹੈ, ਜਦੋਂ ਕਿ ਸਕੂਲ ਵਿੱਚ ਪਹਿਲਾਂ ਤੋਂ ਹੀ ਲੋੜੀਂਦੇ ਅਧਿਆਪਕ ਮੌਜੂਦ ਹੁੰਦੇ ਹਨ। ਜਦੋਂ ਅਜਿਹੇ ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਲਗਾਈ ਜਾਂਦੀ ਹੈ ਤਾਂ ਸਕੂਲ ਵਿੱਚ ਨਿਯੁਕਤ ਅਧਿਆਪਕ ਬਿਲਕੁਲ ਵਿਹਲੇ ਹੋ ਜਾਂਦੇ ਹਨ ਅਤੇ ਸਿੱਖਿਆਰਥੀ ਆਪਣੀ Lesson Plan ਅਨੁਸਾਰ ਹੀ ਕਲਾਸਾਂ ਵਿੱਚ ਪੜਾਉਂਦੇ ਹਨ ਜਿਸ ਨਾਲ ਵਿਦਿਆਰਥੀਆਂ ਦਾ ਸਿਲੇਬਸ ਪਿੱਛੇ ਪੈ ਜਾਂਦਾ ਹੈ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ।

ਇਸ ਲਈ ਵਿਭਾਗ ਨੇ ਗੰਭੀਰਤਾ ਨਾਲ ਸੋਚਦਿਆਂ ਇਹ ਫੈਸਲਾ ਕੀਤਾ ਹੈ ਕਿ ਟੀਚਿੰਗ ਪ੍ਰੈਕਟਿਸ ਲਗਾਉਣ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ./ਸੈ.ਸਿ.) ਵੱਲੋਂ ਅਜਿਹੇ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਲਈ ਸਕੂਲਾਂ ਵਿੱਚ ਭੇਜਣ ਤੋਂ ਪਹਿਲਾਂ ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ ਨੂੰ ਤਜਵੀਜ਼ ਭੇਜੀ ਜਾਵੇ। ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਲਗਾਉਣ ਦੀ ਤਜਵੀਜ਼ ਭੇਜਣ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਡੀ.ਐੱਲ.ਐੱਡ ਦੇ ਸਿੱਖਿਆਰਥੀਆਂ ਨੂੰ ਉਥੇ ਹੀ ਭੇਜਣਾ ਯਕੀਨੀ ਬਣਾਇਆ ਜਾਵੇ ਜਿਨ੍ਹਾਂ ਸਕੂਲਾਂ ਵਿੱਚ ਪ੍ਰਾਇਮਰੀ ਅਧਿਆਪਕਾਂ ਦੀਆਂ ਪੋਸਟਾਂ ਖਾਲੀ ਹਨ ਅਤੇ ਬੀ.ਐੱਡ ਦੇ ਸਿੱਖਿਆਰਥੀਆਂ ਨੂੰ ਉਨ੍ਹਾਂ ਸਕੂਲਾਂ ਵਿੱਚ ਹੀ ਭੇਜਿਆ ਜਾਵੇ ਜਿਹੜੇ ਸਕੂਲਾਂ ਵਿੱਚ ਸਬੰਧਤ ਵਿਸ਼ਿਆਂ ਦੀਆਂ ਪੋਸਟਾਂ ਖਾਲੀ ਹਨ ਨਾਂ ਕਿ :-

1. ਡੀ.ਐੱਲ.ਐੱਡ/ਬੀ.ਐੱਡ ਦੇ ਸਿੱਖਿਆਰਥੀਆਂ ਨੂੰ ਉਸ ਸੰਸਥਾ ਵਿੱਚ ਭੇਜਣਾ ਯਕੀਨੀ ਬਣਾਇਆ ਜਾਵੇ ਜਿਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਪੋਸਟਾਂ ਖਾਲੀ ਹਨ।

2. ਸਿੱਖਿਆਰਥੀਆਂ ਨੂੰ ਉਨ੍ਹਾਂ ਦੀ ਸਹੂਲਤ ਮੁਤਾਬਿਕ ਨੇੜੇ ਦੇ ਸਕੂਲਾਂ ਵਿੱਚ ਭੇਜਕੇ ਕੋਰਮ ਨਾ ਪੂਰਾ ਕੀਤਾ ਜਾਵੇ।

3. ਕਿਸੇ ਵੀ ਸਕੂਲ ਵਿੱਚ ਦੋ ਤੋਂ ਵੱਧ ਸਿੱਖਿਆਰਥੀ ਨਾ ਭੇਜੇ ਜਾਣ।

4. ਇਨ੍ਹਾਂ ਸਿੱਖਿਆਰਥੀਆਂ ਨੂੰ ਜੋ ਮਹੀਨਾਵਾਰ ਸਿਲੇਬਸ ਚੱਲਦਾ ਆ ਰਿਹਾ ਹੈ ਉਸ ਨੂੰ ਹੀ ਅੱਗੇ ਹੀ carry forward ਕਰਨ ਨੂੰ ਕਿਹਾ ਜਾਵੇ ਤਾਂ ਜੋ ਸਕੂਲ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ਅਤੇ ਨਾ ਹੀ ਉਨ੍ਹਾਂ ਦਾ ਇਸ ਸਮੇਂ ਦੌਰਾਨ ਸਿਲੇਬਸ ਪਿੱਛੇ ਰਹਿ ਜਾਵੇ। ਇਸ ਗੱਲ ਦਾ ਵਿਸ਼ੇਸ਼ ਧਿਆਨ ਦਿੱਤਾ ਜਾਵੇ।

5. ਇਸ ਦੇ ਨਾਲ ਹੀ ਸਕੂਲ ਦੇ ਅਧਿਆਪਕ ਨੂੰ ਵੇਹਲਾ ਨਾ ਰਹਿਣ ਦਿੱਤਾ ਜਾਵੇ। ਸਕੂਲ ਮੁੱਖੀ ਦੀ ਜਿੰਮੇਵਾਰੀ ਹੈ ਕਿ ਜਦੋਂ ਇਹ ਸਿੱਖਿਆਰਥੀ ਕਲਾਸ ਵਿੱਚ ਪੜ੍ਹਾ ਰਹੇ ਹੋਣ ਤਾਂ ਸਕੂਲ ਦਾ ਕੋਈ ਨਾ ਕੋਈ ਅਧਿਆਪਕ ਉਨ੍ਹਾਂ ਨੂੰ ਕਲਾਸ ਵਿੱਚ ਪਿੱਛੇ ਬੈਠ ਕੇ ਅਬਜ਼ਰਵ ਕਰੇ ਅਤੇ ਉਨ੍ਹਾਂ ਨੂੰ ਲੋੜੀਂਦੀਆਂ ਹਦਾਇਤਾਂ ਵੀ ਨਾਲੋ-ਨਾਲ ਦਿੰਦਾ ਰਹੇ ਤਾਂ ਜੋ ਇਹ ਸਿੱਖਿਆਰਥੀ ਇੱਕ ਵਧੀਆ ਅਧਿਆਪਕ ਬਣ ਸਕਣ ਅਤੇ ਇਹ ਵੀ ਅਬਜ਼ਰਵ ਕੀਤਾ ਜਾਏ ਕਿ ਉਹ ਦਿੱਤੇ ਸਿਲੇਬਸ ਅਨੁਸਾਰ ਹੀ ਪੜ੍ਹਾ ਰਹੇ ਹਨ ਅਤੇ ਉਹ ਇਨ੍ਹਾਂ ਦਾ ਨਾਲੋ-ਨਾਲ ਮੁਲਾਂਕਣ ਵੀ ਕਰਨਗੇ।

6. ਟ੍ਰੇਨਿੰਗ ਖਤਮ ਹੋਣ ਉਪਰੰਤ ਇਨ੍ਹਾਂ ਅਧਿਆਪਕਾਂ ਦੁਆਰਾ ਪੜ੍ਹਾਏ ਗਏ ਵਿਸ਼ੇ ਦਾ ਇੱਕ ਲਿਖਤੀ ਟੈਸਟ ਲਿਆ ਜਾਵੇਗਾ। ਟੈਸਟ ਕੁਆਲੀਫਾਈ ਕਰਨ ਉਪਰੰਤ ਇਨ੍ਹਾਂ ਸਿੱਖਿਆਰਥੀਆਂ ਨੂੰ ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ ਵੱਲੋਂ ਸਰਟੀਫਿਕੇਟ ਜਾਰੀ ਕਰਵਾ ਦਿੱਤਾ ਜਾਵੇਗਾ।

7. ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਇਨ੍ਹਾਂ ਸਿੱਖਿਆਰਥੀਆਂ ਦਾ ਟੈਸਟ ਜੇਕਰ ਸੰਭਵ ਹੋਵੇ ਤਾਂ ਇੱਕ ਹੀ ਸਥਾਨ ਤੇ ਲੈ ਕੇ ਉਸ ਦਾ ਮੁਲਾਂਕਣ ਕਰਵਾਇਆ ਜਾਵੇ।

8. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ./ਸੈ.ਸਿ.) ਸਿੱਖਿਆਰਥੀਆਂ ਨੂੰ ਖਾਲੀ ਪੋਸਟਾਂ ਵਾਲੇ ਸਕੂਲਾਂ ਵਿੱਚ ਭੇਜਣ ਸਬੰਧੀ ਮੁਕੰਮਲ ਆਂਕੜੇ ਤਿਆਰ ਕਰਕੇ ਤਜਵੀਜ ਡਾਇਰੈਕਟਰ, ਐਸ.ਸੀ.ਈ.ਆਰ.ਟੀ.ਪੰਜਾਬ ਵੱਲੋਂ ਪ੍ਰਵਾਨ ਕਰਵਾਉਣ ਉਪਰੰਤ ਹੀ ਲਾਗੂ ਕਰਣਗੇ।

9. ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੇਕਰ ਕਿਸੇ ਵੀ ਜਿ.ਸਿੱ.ਅਫਸਰ(ਐ.ਸਿ./ਸੈ.ਸਿ.) ਨੇ ਇਸ ਕੰਮ ਵਿੱਚ ਕਿਸੇ ਵੀ ਕਿਸ ਦੀ ਅਣਗਹਿਲੀ ਕੀਤੀ ਤਾਂ ਉਹਨਾਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਸਬੰਧ ਵਿੱਚ ਉਨ੍ਹਾਂ ਨੂੰ ਕਿਸੇ ਵੀ ਕਿਸ ਦਾ ਕੋਈ ਵੀ ਨੋਟਿਸ ਜਾਰੀ ਨਹੀਂ ਕੀਤਾ ਜਾਵੇਗਾ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ, ਪੰਜਾਬ।**

**ਪਿੱਠ ਅੰਕਣ ਨੰ:ਉਕਤ ਮਿਤੀ.ਐਸ.ਏ.ਐਸ ਨਗਰ:**

ਉਪਰੋਕਤ ਦਾ ਉਤਾਰਾ ਡੀ.ਐਮ, ਐਮ.ਆਈ.ਐਸ ਨੂੰ ਵੈਬ ਸਾਇਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ, ਪੰਜਾਬ।**